ਦਫਤਰ : ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ,ਐਸ.ਏ.ਐਸ.ਨਗਰ
ਈ-ਬਲਾਕ, ਚੌਥੀ ਮੰਜਿਲ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,ਫੇਜ-8 ਐਸ.ਏ.ਐਸ ਨਗਰ
(ਵਜੀਫਾ ਸਾਖਾ)

ਸੇਵਾ ਵਿਖੇ,

ਸਮੂਹ ਮੰਡਲ ਸਿੱਖਿਆ ਅਫਸਰ(ਨਾਭਾ, ਜਲੰਧਰ, ਫਰੀਦਕੋਟ)
ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ),ਪੰਜਾਬ।
ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ

ਮੀਮੋ ਨੰ: 9/3-2014-15 /15-16 ਵਜੀਫਾ(3)

ਮਿਤੀ :-9-9-2016

ਵਿਸ਼ਾ- ਡਾ. ਅੰਬੇਦਕਰ ਪੋਰਟਲ ( ਆਸੀਰਵਾਦ ਪੋਰਟਲ ) ਸਾਲ 2016-17 ਪੋਸਟ ਮੈਟ੍ਰਿਕ ਸਕਾਲਰਸਿਪ ਸਕੀਮ ਫਾਰ ਐਸ.ਸੀ/ਓ.ਬੀ.ਸੀ ਸਕੀਮਾਂ ਸਬੰਧੀ ਸੋਧ ਉਪਰੰਤ ਹਦਾਇਤਾਂ।

ਹਵਾਲਾ:- ਇਸ ਦਫਤਰ ਦੇ ਪੱਤਰ ਨੰ.9/3-2014-15 /15-16 ਵਜੀਫਾ(3) ਮਿਤੀ 26-08-016 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਭਲਾਈ ਵਿਭਾਗ ਵੱਲੋਂ ਸਾਲ 2016-17 ਲਈ ਆਸੀਰਵਾਦ ਪੋਰਟਲ ਮਿਤੀ 25-08-2016 ਤੋਂ ਸੁਰੂ ਕੀਤਾ ਜਾ ਚੁੱਕਾ ਹੈ ।

ਸਾਲ 2016-17 ਅਧੀਨ ਪੋਰਟਲ ਵਿੱਚ ਪੋਸਟ ਮੈਟ੍ਰਿਕ ਐਸ.ਸੀ/ਓ.ਬੀ.ਸੀ ਸਕੀਮਾਂ ਵਿੱਚ ਅਪਲਾਈ ਕਰਨ ਲਈ ਪੋਰਟਲ ਤੇ ਵਿਦਿਆਰਥੀਆਂ ਦੀਆਂ ਫੀਸਾਂ ਭਰਨ ਸਮੇਂ ਹੇਠ ਲਿਖੇ ਤੱਥ ਧਿਆਨ ਵਿੱਚ ਰੱਖੇ ਜਾਣ:-

1. ਆਸੀਰਵਾਦ ਪੋਰਟਲ ਤੇ ਵਿਦਿਆਰਥੀਆਂ ਦੀਆਂ ਫੀਸਾਂ ਭਰਨ ਸਮੇਂ ਜਿੰਨ੍ਹਾ ਵਿਦਿਆਰਥੀਆਂ ਦੇ ਮਾਪਿਆਂ ਦੀ ਆਮਦਨ ਹੱਦ 2.50 ਲੱਖ ਰੁ: ਤੋਂ ਘੱਟ ਹੋਵੇ, ਉਨ੍ਹਾਂ ਤੋਂ ਪ੍ਰੀਖਿਆ ਫੀਸ ਨਹੀ ਲਈ ਜਾਣੀ ਨਾ ਹੀ ਕਲੇਮ ਵਿੱਚ ਭਰਨੀ ਹੈ, ਇਹ ਸਿੱਧੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਖਾਤੇ ਵਿੱਚ ਟਰਾਂਸਫਰ ਕਰ ਦਿੱਤੀ ਜਾਵੇਗੀ।

2.(ੳ) ਓ.ਬੀ.ਸੀ. ਵਿਦਿਆਰਥੀਆਂ ਪਾਸੋਂ ਪ੍ਰੀਖਿਆ ਫੀਸ ਸਕੂਲ ਵੱਲੋਂ ਲਈ ਵੀ ਜਾਣੀ ਹੈ ਅਤੇ ਹਰ ਸਾਲ ਦੀ ਤਰ੍ਹਾਂ ਕਲੇਮ ਵਿੱਚ ਭਰੀ ਵੀ ਜਾਣੀ ਹੈ ਜ਼ੋ ਕਿ ਭਲਾਈ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਪ੍ਰਤੀ ਪੂਰਤੀ ਕੀਤੀ ਜਾਣੀ ਹੈ।

(ਅ) ਪੋਸਟ ਮੈਟ੍ਰਿਕ ਸਕਾਲਰਸਿਪ ਫਾਰ ਓ.ਬੀ.ਸੀ. ਸਕੀਮ ਅਧੀਨ ਸਾਲ 2016-17 ਦੀਆਂ ਨਵੀਆਂ ਹਦਾਇਤਾ ਸਬੰਧੀ ਸਪੱਸ਼ਟੀਕਰਨ ਦਿੰਦੇ ਹੋਏ ਦੱਸਿਆ ਜਾਂਦਾ ਹੈ ਕਿ ਹਰ ਵਿਦਿਆਰਥੀ ਵੱਲੋਂ ਆਪਣੇ **previous annual examination** ਵਿੱਚੋਂ **60% marks** ਲੈਣੇ ਲਾਜਮੀ ਹਨ।

3. ਸਰਕਾਰੀ ਅਤੇ ਪ੍ਰਾਈਵੇਟ /ਏਡਿਡ ਸਕੂਲਾਂ ਵੱਲੋਂ ਲਈਆ ਜਾਣ ਵਾਲੀਆਂ ਫੀਸਾਂ / ਫੰਡਾਂ ਸਬੰਧੀ ਪੱਤਰ ਨੰ. ਕੇ ਡਬਲਯੂ 20/3-13ਵਜੀਫਾ (2) ਮਿਤੀ 19-08-2016 ਨੂੰ ਪਹਿਲਾ ਹੀ ਜਾਰੀ ਕੀਤਾ ਜਾ ਚੁੱਕਾ ਹੈ, ਜਿਸ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਪੋਰਟਲ ਤੇ ਫੀਸ ਅਪਡੇਟ ਕਰਨ ਸਬੰਧੀ

- ਜਿਨ੍ਹਾਂ ਸਕੂਲਾਂ ਨੇ ਪੋਰਟਲ ਤੇ ਫੀਸ ਅਪਡੇਟ ਕਰਨੀ ਹੈ, ਉਨ੍ਹਾਂ ਸਕੂਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਮਿਤੀ 15-9-2016 ਤੱਕ ਪੋਰਟਲ ਤੇ ਆਪਣੀ **institute-id** ਤੋਂ ਅੱਪਡੇਟ ਕਰਕੇ, ਇਸ ਦਫਤਰ ਨੂੰ ਈ-ਮੇਲ ਰਾਹੀਂ **fees update** ਕਰਨ ਲਈ **forwarding letter** ਭੇਜ ਦਿੱਤੀਆਂ ਜਾਣ ਤਾਂ ਜੋ ਸਮੇ ਸਿਰ ਫੀਸਾਂ ਅੱਪਡੇਟ ਹੋ ਸਕਣ ਅਤੇ ਕੰਮ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ।
- ਮਿੱਥੀ ਮਿਤੀ ਤੋਂ ਬਾਅਦ ਕਿਸੇ ਵੀ ਸਕੂਲ ਦੀ ਫੀਸ ਪੋਰਟਲ ਤੇ ਇਸ ਦਫਤਰ ਵੱਲੋਂ ਅਪਡੇਟ ਨਹੀਂ ਕੀਤੀ ਜਾਵੇਗੀ।
- ਇਸ ਦਫਤਰ ਵੱਲੋਂ ਫੀਸਾਂ ਇੱਕ ਵਾਰ ਹੀ ਫੀਸਾਂ ਅੱਪਡੇਟ ਕੀਤੀਆਂ ਜਾਣਗੀਆਂ, ਇਸ ਲਈ ਪੂਰੀ ਤਰ੍ਹਾ ਘੋਖ ਕਰਨ ਉਪਰੰਤ ਹੀ ਫੀਸਾਂ ਅੱਪਡੇਟ ਕਰਨ ਲਈ ਇਸ ਦਫਤਰ ਨੂੰ ਭੇਜੀਆ ਜਾਣ।
- ਪ੍ਰਾਈਵੇਟ ਸਕੂਲਾਂ ਦੀਆ ਫੀਸਾਂ ਅਪਡੇਟ ਕਰਨ ਸਬੰਧੀ ਲਿਖਿਆ ਜਾਂਦਾ ਹੈ ਕਿ ਪ੍ਰਾਈਵੇਟ ਸਕੂਲ ਵੱਲੋਂ ਆਪਣੇ ਅਧੀਨ ਆਉਂਦੇ ਨਵੇਂ ਸਕੂਲਾਂ ਨੂੰ ਰਜਿਸਟਰ ਕਰ ਲਿਆ ਜਾਵੇ ਅਤੇ ਸਾਰੇ ਸਕੂਲਾਂ ਦੀ ਕੋਰਸ ਵਾਈਜ ਅਤੇ ਕਲਾਸ ਵਾਈਜ ਫੀਸ/ਫੰਡਾਂ ਦੀ ਡੀਟੇਲ ਘੋਖਣ ਉਪਰੰਤ ਨਿਸਚਿਤ ਮਿਤੀ ਤੱਕ ਭੇਜੀ ਜਾਵੇ। ਇਸ ਸਬੰਧੀ ਸਕੂਲ ਦੇ ਪ੍ਰਿੰਸੀਪਲ ਵੱਲੋ ਐਫੀਡੇਵਟ ਵੀ ਦਿਤਾ ਜਾਵੇ ਕਿ ਐਸ.ਸੀ. ਵਿਦਿਆਰਥੀਆਂ ਤੋਂ ਫੀਸ ਲਈ ਹੈ ਜਾਂ ਨਹੀਂ।

9/9/16

ਵਿਸੇਸ ਕਾਰਜ ਅਫਸਰ (ਵਜੀਫਾ)